# ਕਵਾਂਟਮ ਹਾਈਟੈਕ ਨੇ ਮਿਨੀ ਕੀਬੋਰਡ ਲਾਂਚ ਕੀਤਾ



ਮੁੰਬਈ, 30 ਜੂਨ (ਪੀ.ਟੀ.)- ਕਿਊਐਚਐਮਪੀਐਲ, ਉਪਭੋਗਤਾ ਇਲੈਕਟ੍ਰਾਨਿਕਸ ਅਤੇ ਉੱਚ ਕੁਆਲਟੀ ਦੇ ਆਈਟੀ ਪੈਰੀਫੈਰਲਜ਼ ਦੇ ਖੇਤਰ ਵਿੱਚ ਭਾਰਤ ਦੀ ਮੋਹਰੀ ਕੰਪਨੀ ਨੇ ਕਿਫਾਇਤੀ ਕੀਮਤ ਵਿੱਚ ਗੁਣਵੱਤਾ ਦੇ ਉੱਚ ਪੱਧਰੀ ਮਾਨਦੰਡਾਂ ਨੂੰ ਮੁਹਈਆ ਕਰਵਾਉਣ ਦੀ ਆਪਣੀ ਜੀਵੰਤ ਪ੍ਰਤੀਬੱਧਤਾ ਦੇ ਨਾਲ ਬ੍ਰਾਂਡ 'ਕਵਾਂਟਮ ਹਾਈਟੈਕ' ਦੇ ਤਹਿਤ ਕਿਊਐਚਐਮ 7307 ਚਾਕਲੇਟ ਮਿਨੀ ਯੂਐਸਬੀ ਕੀਬੋਰਡ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਸ ਨੂੰ ਮਾਸਪੇਸ਼ੀਆਂ 'ਤੇ ਪੈਣ ਵਾਲੇ ਦਬਾਅ ਨੂੰ ਘੱਟ ਕਰਨ ਦੇ ਲਈ ਵਿਸ਼ੇਸ਼ ਤੌਰ 'ਤੇ ਡਿਜ਼ਾਇਨ ਕੀਤਾ ਗਿਆ ਹੈ ਅਤੇ ਇਸ ਜ਼ਰੀਏ ਉਪਭੋਗਤਾਵਾਂ ਨੂੰ ਕੰਮ ਦੌਰਾਨ 'ਹੋਮਲੀ ਫੀਲ' ਦਾ ਅਹਿਸਾਸ ਕਰਵਾਉਣ ਦਾ ਟੀਚਾ ਰਖਿਆ ਗਿਆ। ਇਸ ਦੀ ਕੀਮਤ 325 ਰੁਪਏ ਰੱਖੀ ਗਈ ਹੈ।